

# ਜਗਤਗੁਰੂ ਰਵਿਦਾਸ ਮਹਾਰਾਜ ਜੀ

## ਆਰਤੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮੁ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥

ਭਾਵ ਅਰਥ – ਸਤਿਗੁਰੂ ਰਵਿਦਾਸ ਜੀ ਮਹਾਰਾਜ ਮਾਨਵਤਾ ਨੂੰ ਸਭ ਵਹਿਮਾਂ ਭਰਮਾਂ ਤੋਂ ਮੁਕਤ ਹੋ ਕੇ, ਹਰਿ ਦਾ ਨਾਮ ਜਪਣ ਰੂਪੀ ਸੱਚੀ ਆਰਤੀ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ।

ਹੇ ਹਰਿ ਜੀ! ਆਪ ਜੀ ਦਾ ਨਾਮ ਜਪਣਾ ਹੀ ਆਪ ਜੀ ਦੀ ਸੱਚੀ ਆਰਤੀ ਹੈ ਅਤੇ ਆਪ ਜੀ ਦਾ ਨਾਮ ਜਪਣਾ ਹੀ ਆਪ ਜੀ ਨੂੰ ਇਸ਼ਨਾਨ ਕਰਵਾਉਣਾ ਹੈ। ਆਪ ਜੀ ਦੇ ਨਾਮ ਤੋਂ ਬਿਨਾਂ ਸੰਸਾਰ ਦੇ ਬਾਕੀ ਸਭ ਪਾਸਾਰੇ ਝੂਠੇ ਹਨ।

ਆਪ ਜੀ ਦਾ ਨਾਮ ਜਪਣਾ ਹੀ ਆਰਤੀ ਲਈ ਆਸਣ ਲਗਾਉਣਾ ਹੈ ਅਤੇ ਆਪ ਜੀ ਨਾਮ ਜਪਣਾ ਹੀ ਕੇਸਰ ਰਗੜਣ ਵਾਲਾ ਉਰਸਾ ਹੈ ਭਾਵ ਕੇਸਰ ਰਗੜਣ ਵਾਲਾ ਪੱਥਰ ਹੈ ਅਤੇ ਆਪ ਜੀ ਦਾ ਨਾਮ ਜਪਣਾ ਹੀ ਆਪ ਉੱਪਰ ਕੇਸਰ ਛਿੜਕਣਾ ਹੈ।

ਆਪ ਜੀ ਦਾ ਨਾਮ ਹੀ ਪਾਣੀ ਹੈ, ਆਪ ਜੀ ਦਾ ਨਾਮ ਹੀ ਚੰਦਨ ਹੈ ਆਪ ਜੀ ਦਾ ਨਾਮ ਹੀ ਚੰਦਨ ਘਿਸਾ ਕੇ ਆਪ ਨੂੰ ਚੜ੍ਹਾਉਣਾ ਹੈ।

ਆਪ ਜੀ ਦਾ ਨਾਮ ਜਪਣਾ ਹੀ ਆਰਤੀ ਲਈ ਦੀਵਾ ਹੈ, ਨਾਮ ਰੂਪੀ ਬੱਤੀ ਦੀਵੇ ਵਿੱਚ ਪਾਈ ਹੈ ਅਤੇ ਆਪ ਜੀ ਦਾ ਨਾਮ ਹੀ ਉਸ ਦੀਵੇ ਵਿੱਚ ਤੇਲ ਪਾਇਆ ਹੈ।

ਆਪ ਜੀ ਦੇ ਨਾਮ ਦੀ ਹੀ ਜੋਤ ਜਗਾਈ ਹੈ, ਜਿਸ ਨਾਲ ਸਾਰੇ ਭਵਨਾਂ ਭਾਵ ਖੰਡਾਂ ਬ੍ਰਹਿਮੰਡਾਂ ਵਿਚ ਆਪ ਜੀ ਦਾ ਪ੍ਰਕਾਸ਼ ਹੋ ਰਿਹਾ ਹੈ।

ਆਪ ਜੀ ਦਾ ਨਾਮ ਹੀ ਧਾਗਾ ਹੈ ਅਤੇ ਆਪ ਦਾ ਨਾਮ ਹੀ ਫੁੱਲਾਂ ਦੀ ਮਾਲਾ ਹੈ। ਆਪ ਦੇ ਨਾਮ ਤੋਂ ਬਿਨਾਂ ਸੰਸਾਰ ਦੀ ਸਾਰੀ ਬਨਾਸਪਤੀ ਦੇ ਅਠਾਰਾਂ ਭਾਰ ਅਪਵਿੱਤਰ ਹਨ।

ਹੇ ਹਰਿ ਜੀ ਆਪ ਜੀ ਦੀ ਪੈਦਾ ਕੀਤੀ ਹੋਈ ਸ੍ਰਿਸ਼ਟੀ ਵਿੱਚੋਂ ਮੈਂ ਆਪ ਜੀ ਨੂੰ ਕੀ ਅਰਪਨ ਕਰਾਂ? ਆਪ ਜੀ ਦਾ ਨਾਮ ਜਪਣਾ ਹੀ ਮੈਂ ਆਪ ਜੀ ਤੇ ਚੌਰ ਝੁਲਾਉਂਦਾ ਹਾਂ।

ਅਠਾਰਾਂ ਪੁਰਾਣਾਂ, ਅਠਾਹਟ ਤੀਰਥਾਂ ਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਵਿਚ ਸਾਰਾ ਸੰਸਾਰ ਵਿਚਰ ਰਿਹਾ ਹੈ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਫੁਰਮਾਉਂਦੇ ਹਨ ਕਿ ਹੇ ਹਰਿ ਜੀ! ਆਪ ਜੀ ਦਾ ਨਾਮ ਜਪਣਾ ਹੀ ਮੇਰੇ ਲਈ ਸੱਚੀ ਆਰਤੀ ਕਰਨੀ ਹੈ। ਹੇ ਹਰਿ ਜੀ, ਸਤਿਨਾਮ ਦਾ ਉਚਾਰਣ ਕਰਨਾ ਹੀ ਆਪ ਜੀ ਨੂੰ ਭੋਗ ਲਗਾਉਣਾ ਹੈ।




# Ravidassia Dharam Parchar Asthan

Vill. Kahanpur, P.O. Raipur Rasoolpur, Distt. Jalandhar

